# ਨਿੱਜੀ ਦੇਖਭਾਲ

ਕੰਮ ਦੀ ਥਾਂ ਤੇ ਗੰਭੀਰ ਹਾਦਸਾ ਜ਼ਿੰਦਗੀ ਬਦਲ ਸਕਦਾ ਹੈ। ਤੁਹਾਡੇ ਰੋਜ਼ਾਨਾ ਨੇਮ ਨੂੰ ਬਣਾਉਣ ਵਾਲੇ ਕੰਮ ਹੁਣ ਸ਼ਾਇਦ ਚੁਣੌਤੀ ਬਣ ਸਕਦੇ ਹਨ ਅਤੇ ਅਸੀਂ ਮਦਦ ਲਈ ਮੌਜੂਦ ਹਾਂ।

ਜੇ ਤੁਹਾਨੂੰ ਗੰਭੀਰ ਤੌਰ ਤੇ ਸੱਟ ਲੱਗੀ ਹੈ, ਤਾਂ ਤੁਹਾਡੇ ਹਸਪਤਾਲ ਦੀ ਡਿਸਚਾਰਜ ਦੇਖਭਾਲ ਯੋਜਨਾ ਦੁਆਰਾ, ਜਾਂ ਤੁਹਾਡੇ ਸਿਹਤ ਦੇਖਭਾਲ ਪ੍ਰਦਾਤੇ ਦੁਆਰਾ ਨਿੱਜੀ ਦੇਖਭਾਲ ਦੀ ਸਿਫਾਰਿਸ਼ ਦਿੱਤੀ ਜਾ ਸਕਦੀ ਹੈ। ਨਿੱਜੀ ਦੇਖਭਾਲ ਪ੍ਰਦਾਤੇ ਜ਼ਖਮ ਦੀ ਦੇਖਭਾਲ ਕਰਨ, ਨਹਾਉਣ, ਕੱਪੜੇ ਪਾਉਣ, ਘਰ ਦੀ ਵਿਵਸਥਾ ਅਤੇ ਆਵਾਜਾਈ ਜਿਹੇ ਕੰਮਾਂ ਵਿੱਚ ਮਦਦ ਕਰ ਸਕਦੇ ਹਨ।

ਇਹਨਾਂ ਮਾਮਲਿਆਂ ਵਿੱਚ, ਅਸੀਂ ਤੁਹਾਨੂੰ ਲੋੜੀਂਦੀ ਦੇਖਭਾਲ ਪ੍ਰਦਾਨ ਕਰਨ ਲਈ ਇੱਕ ਹੋਮ ਹੈਲਥਕੇਅਰ ਏਜੰਸੀ ਨਾਲ ਇਕਰਾਰਨਾਮਾ ਕਰ ਸਕਦੇ ਹਾਂ। ਦੂਜੇ ਰੂਪ ਵਿੱਚ, ਅਸੀਂ ਤੁਹਾਨੂੰ ਨਿੱਜੀ ਦੇਖਭਾਲ ਭੱਤਾ (personal care allowance) (PCA) ਪੇਸ਼ ਕਰ ਸਕਦੇ ਹਾਂ, ਜਿਸ ਨੂੰ ਤੁਸੀਂ ਘਰ-ਵਿੱਚ ਅਸਥਾਈ ਜਾਂ ਸਥਾਈ ਦੇਖਭਾਲ ਦੀ ਲਾਗਤ ਨੂੰ ਸ਼ਾਮਿਲ ਕਰਨ ਵਾਸਤੇ ਵਰਤ ਸਕਦੇ ਹੋ।

## ਨਿੱਜੀ ਦੇਖਭਾਲ ਭੱਤੇ ਲਈ ਯੋਗਤਾ

ਜੇ ਤੁਸੀਂ ਕੰਮ ਦੀ ਥਾਂ ਵਿਖੇ ਲੱਗੀ ਸੱਟ ਤੋਂ ਬਾਅਦ ਗੰਭੀਰ ਤੌਰ ਤੇ ਅਸਮਰਥ ਹੋ ਜਾਂਦੇ ਹੋ, ਤਾਂ ਅਸੀਂ PCA ਲਈ ਯੋਗਤਾ ਨਿਰਧਾਰਿਤ ਕਰਨ ਵਾਸਤੇ ਹੇਠ ਲਿਖੀ ਦੋ-ਚਰਣ ਕਿਰਿਆ ਦਾ ਪਾਲਣ ਕਰਦੇ ਹਾਂ, ਤਾਂ ਜੋ ਯਕੀਨੀ ਬਣਾਇਆ ਜਾਏ ਕਿ ਤੁਸੀਂ ਘਰ ਵਿਖੇ ਸੁਰੱਖਿਆ ਨਾਲ ਰੀਕਵਰ ਹੋਣ ਲਈ ਆਪਣੀ ਲੋੜੀਂਦੀ ਮਦਦ ਪ੍ਰਾਪਤ ਕਰੋ:

ਚਰਣ 1. ਪੁਸ਼ਟੀ ਕਰੋ ਕਿ ਤੁਸੀਂ ਗੰਭੀਰ ਤੌਰ ਤੇ ਅਸਮਰਥ ਹੋਏ ਹੋ।

ਤੁਹਾਨੂੰ ਗੰਭੀਰ ਤੌਰ ਤੇ ਅਸਮਰਥ ਮੰਨਿਆ ਜਾਂਦਾ ਹੈ ਜਦੋਂ:

- ਸਵੀਕਾਰ ਕੀਤੇ ਕੰਮ ਨਾਲ- ਸੰਬੰਧਿਤ ਸੱਟ ਕਰਕੇ, ਤੁਹਾਨੂੰ ਗੰਭੀਰ ਅਤੇ ਲੰਮੇ ਸਮੇਂ ਰਹਿਣ ਵਾਲੀਆਂ ਕੰਮ ਬੰਦਸ਼ਾਂ (ਉਦਾਹਰਨ ਲਈ, ਤੁਰ ਨਹੀਂ ਸਕਦੇ) ਹੁੰਦੀਆਂ ਹਨ, ਅਤੇ
- ਉਹਨਾਂ ਕੰਮ ਬੰਦਸ਼ਾਂ ਦੇ ਕਾਰਨ, ਤੁਹਾਨੂੰ ਗੱਲਬਾਤ ਕਰਨ, ਚੱਲਣ ਜਾਂ ਸਵੈ-ਦੇਖਭਾਲ ਲਈ ਅਸਥਾਈ ਜਾਂ ਸਥਾਈ ਸਹਾਇਤਾ ਦੀ ਲੋੜ ਹੁੰਦੀ ਹੈ।

ਚਰਣ 2. ਪੁਸ਼ਟੀ ਕਰੋ ਕਿ ਘਰ ਵਿੱਚ ਰਹਿਣ ਦੇ ਲਈ, ਤੁਹਾਨੂੰ ਸਵੀਕਾਰ ਕੀਤੇ ਕੰਮ ਨਾਲ ਸੰਬੰਧਿਤ ਸੱਟ ਕਰਕੇ ਗੱਲਬਾਤ ਕਰਨ, ਚੱਲਣ ਜਾਂ ਸਵੈ-ਦੇਖਭਾਲ ਜਾਂ ਨਿਗਰਾਨੀ ਦੇ ਨਾਲ ਸਹਾਇਤਾ ਚਾਹੀਦੀ ਹੈ।

ਜੇਕਰ ਤੁਸੀਂ ਉਪਰੋਕਤ ਮਾਪਦੰਡ ਨੂੰ ਪੂਰਾ ਕਰਦਾ ਹੋਵੇ, ਤਾਂ WCB-ਅਲਬਰਟਾ ਇੱਕ ਨਿੱਜੀ ਦੇਖਭਾਲ ਭੱਤੇ ਦੇ ਰੂਪ ਵਿੱਚ (ਦੂਜੇ ਲਾਭਾਂ ਦੇ ਇਲਾਵਾ) ਸਹਾਇਤਾ ਲਈ ਭੁਗਤਾਨ ਕਰਦਾ ਹੈ। ਭੁਗਤਾਨ ਕੀਤੇ ਗਏ ਭੱਤੇ ਦੀ ਰਕਮ ਤੁਹਾਡੀ ਲੋੜੀਂਦੀ ਨਿੱਜੀ ਦੇਖਭਾਲ ਦੇ ਪੱਧਰ ਉੱਤੇ ਨਿਰਭਰ ਕਰਦੀ ਹੈ।

## ਤੁਹਾਡੀਆਂ ਨਿੱਜੀ ਦੇਖਭਾਲ ਜ਼ਰੂਰਤਾਂ ਨੂੰ ਨਿਰਧਾਰਿਤ ਕਰਨਾ

ਜੇਕਰ ਤੁਹਾਨੂੰ ਘਰ ਵਿੱਚ ਰਹਿਣ ਲਈ ਮਦਦ ਦੀ ਲੋੜ ਹੋਵੇ (ਇੱਕ ਨਰਸਿੰਗ ਕੇਅਰ ਫੈਸੀਲਿਟੀ ਵਿਖੇ ਰਹਿਣਾ ਦੂਜਾ ਵਿਕਲਪ ਹੋਏਗਾ), ਤਾਂ PCA ਸਹਾਇਤਾ ਪੇਸ਼ ਕਰਦਾ ਹੈ। ਸਿਹਤ ਦੇਖਭਾਲ ਪੇਸ਼ੇਵਰ (ਉਦਾਹਰਨ ਲਈ, ਚਿਕਿਤਸਕ, ਰਜਿਸਟਰਡ ਨਰਸਾਂ, ਵਿਵਸਾਇਕ ਥੇਰੇਪਿਸਟ, ਆਦਿ...) ਆਕਲਨ ਕਰਦੇ ਹਨ ਕਿ ਤੁਹਾਨੂੰ ਕਿਹੜੀ ਸਹਾਇਤਾ ਚਾਹੀਦੀ ਹੈ। ਇਹ ਪੇਸ਼ੇਵੇਰ ਸੇਵਾਵਾਂ ਦੀਆਂ ਸਿਫਾਰਿਸ਼ਾਂ ਸਰੀਰਕ ਪਾਬੰਦੀਆਂ ਅਤੇ ਤੁਹਾਡੇ ਕੰਮ ਨਾਲ ਸੰਬੰਧਿਤ ਸੱਟ ਲਈ ਦੇਖਭਾਲ ਲੋੜਾਂ ਦੇ ਆਧਾਰ ਤੇ ਕਰਦੇ ਹਨ।

ਜੇਕਰ ਤੁਹਾਡਾ ਇਲਾਜ ਕਿਸੇ ਹਸਪਤਾਲ ਵਿੱਚ ਹੋਇਆ ਸੀ, ਤਾਂ ਤੁਹਾਨੂੰ ਇੱਕ ਅਜਿਹੀ ਦੇਖਭਾਲ ਯੋਜਨਾ ਨਾਲ ਛੁੱਟੀ ਦਿੱਤੀ ਜਾ ਸਕਦੀ ਹੈ, ਜੋ ਤੁਹਾਡੀਆਂ ਨਿੱਜੀ ਦੇਖਭਾਲ ਲੋੜਾਂ ਨੂੰ ਦਰਸਾਉਂਦੀ ਹੈ। ਸਿਫਾਰਿਸ਼ਾਂ ਦੇ ਆਧਾਰ ਤੇ, ਤੁਹਾਡਾ ਕੇਸ ਪ੍ਰਬੰਧਕ ਤੁਹਾਡੀਆਂ ਲੋੜਾਂ ਦੀ ਪੁਸ਼ਟੀ ਕਰਨ ਲਈ (ਉਦਾਹਰਨ ਲਈ, ਦੇਖਭਾਲ ਦਾ ਪ੍ਰਕਾਰ, ਪ੍ਰਤੀ ਹਫਤੇ ਘੰਟਿਆਂ ਦੀ ਸੰਖਿਆ ਆਦਿ) ਅਤੇ WCB-ਅਲਬਰਟਾ ਦੀ ਖਾਤਿਰ ਸੇਵਾਵਾਂ ਪੇਸ਼ ਕਰਨ ਲਈ ਇੱਕ ਨਿੱਜੀ ਦੇਖਭਾਲ ਏਜੰਸੀ ਨਾਲ ਸੰਪਰਕ ਕਰੇਗਾ।

ਏਜੰਸੀ ਵੱਲੋਂ ਪ੍ਰਬੰਧਿਤ ਘਰ ਵਿੱਚ ਸਿਹਤ ਦੇਖਭਾਲ ਸੇਵਾਵਾਂ ਦੀ ਲੋੜ ਆਮ ਤੌਰ ਤੇ ਕੇਵਲ ਇੱਕ ਸ਼ੁਰੂਆਤੀ ਛੋਟੀ ਮਿਆਦ ਦੇ ਆਧਾਰ ਤੇ ਹੁੰਦੀ ਹੈ ਅਤੇ ਬਿੱਲ ਸਿੱਧਾ WCB-ਅਲਬਰਟਾ ਨੂੰ ਭੇਜਿਆ ਜਾਂਦਾ ਹੈ।

## ਸਵੈ-ਪ੍ਰਬੰਧਿਤ ਨਿੱਜੀ ਦੇਖਭਾਲ (Self-managed personal care)

ਸਵੈ-ਪ੍ਰਬੰਧਿਤ ਨਿੱਜੀ ਦੇਖਭਾਲ ਵਧੀ ਹੋਈ ਸੁਤੰਤਰਤਾ ਅਤੇ ਕੌਸ਼ਲਾਂ ਦੀ ਸਿਖਲਾਈ ਨੂੰ ਵਧਾਉਂਦੀ ਹੈ। ਸਵੈ-ਪ੍ਰਬੰਧਿਤ ਨਿੱਜੀ ਦੇਖਭਾਲ ਵਿਸ਼ੇਸ਼ ਤੌਰ ਤੇ ਲੰਮੇ-ਸਮੇਂ ਦੀਆਂ ਲੋੜਾਂ ਲਈ, ਅਤੇ ਤੁਹਾਡੀ ਮੈਡੀਕਲ ਰੀਕਵਰੀ ਦੇ ਅਧਿਕਤਮ ਅਤੇ ਸਥਿਰ ਹੋ ਜਾਂਦਿਆਂ ਹੀ (ਅਕਸਰ ਏਜੰਸੀ ਦੁਆਰਾ ਪ੍ਰਦਾਨ ਕੀਤੀ ਸ਼ੁਰੂਆਤੀ ਦੇਖਭਾਲ ਦੇ ਦੌਰਾਨ ਪ੍ਰਦਾਨ ਕੀਤੇ ਸਹਿਯੋਗ ਦੁਆਰਾ) ਢੁਕਵੀਂ ਮੰਨੀ ਜਾਂਦੀ ਹੈ।

ਇਸ ਪੜਾਅ ਤੇ, ਤੁਸੀਂ ਆਪਣੇ ਘਰ ਵਿੱਚ ਆਪਣੀਆਂ ਲੋੜੀਂਦੀਆਂ ਨਿੱਜੀ, ਘਰ ਦੀ ਵਿਵਸਥਾ ਅਤੇ ਨਿਗਰਾਨੀ ਸੇਵਾਵਾਂ ਪੇਸ਼ ਕਰਨ ਲਈ ਕਿਸੇ ਨਰਸ, ਅਟੈਂਡੇਂਟ ਜਾਂ ਪਰਿਵਾਰ ਦੇ ਸਦੱਸ ਨੂੰ ਕੰਮ ਤੇ ਰੱਖ ਸਕਦੇ ਹੋ। ਸਵੈ-ਪ੍ਰਬੰਧਿਤ PCA ਦਾ ਭੁਗਤਾਨ WCB-ਅਲਬਰਟਾ ਦੁਆਰਾ ਸਿੱਧੇ ਤੁਹਾਨੂੰ ਜਾਂ ਤੁਹਾਡੇ ਕਾਨੂੰਨੀ ਪ੍ਰਤੀਨਿਧ ਨੂੰ ਕੀਤਾ ਜਾਂਦਾ ਹੈ। ਤੁਸੀਂ, ਜਾਂ ਤੁਹਾਡੇ ਕਾਨੂੰਨੀ ਪ੍ਰਤੀਨਿਧ ਮੰਜ਼ੂਰੀ ਪ੍ਰਾਪਤ ਸੇਵਾਵਾਂ ਲਈ ਸਿੱਧੇ ਦੇਖਭਾਲ ਪ੍ਰਦਾਤਾਵਾਂ ਨੂੰ ਭੁਗਤਾਨ ਕਰਦੇ ਹੋ। ਇਹ ਨਿਰਧਾਰਿਤ ਕਰਨ ਲਈ ਕਿ ਉਪਯੁਕਤ ਸੇਵਾ ਚਾਹੀਦੀ ਹੈ, ਇੱਕ ਸਵੈ-ਪ੍ਰਬੰਧਿਤ ਨਿੱਜੀ ਦੇਖਭਾਲ ਲੋੜਾਂ ਦਾ ਫਾਰਮ ਭਰਿਆ ਜਾਣਾ ਲਾਜ਼ਮੀ ਹੈ।

## ਤੁਹਾਡੀ ਮਦਦ ਕਰ ਰਹੇ ਦੇਖਭਾਲ ਕਰਤਾਵਾਂ ਲਈ ਕਰਮਚਾਰੀ ਮੁਆਵਜਾ ਕਵਰੇਜ

ਕੁਝ ਦੇਖਭਾਲ ਕਰਤਾਵਾਂ (ਠੇਕੇਦਾਰ ਜਾਂ ਉਪ-ਠੇਕੇਦਾਰ) ਦਾ ਆਪਣਾ ਕਰਮਚਾਰੀ ਮੁਆਵਜਾ ਬੀਮਾ ਨਹੀਂ ਵੀ ਹੋ ਸਕਦਾ। ਪਹਿਲਾਂ ਤੋਂ ਹੀ ਇਹ ਜਾਣਨਾ ਕਿ ਕੰਮ ਦੀ ਥਾਂ ਤੇ ਹੋਇਆ ਹਾਦਸਾ ਕਿਵੇਂ ਤੁਹਾਡੀ ਜ਼ਿੰਦਗੀ ਬਦਲ ਸਕਦਾ ਹੈ ਅਤੇ ਇਸ ਬੀਮੇ ਦੇ ਮਹੱਤਵ ਨੂੰ ਜਾਣ ਕੇ, ਤੁਸੀਂ ਕਰਮਚਾਰੀਆਂ ਦੇ ਮੁਆਵਜੇ ਦੁਆਰਾ ਆਪਣੀ, ਅਤੇ ਆਪਣੇ ਦੇਖਭਾਲ ਕਰਤਾਵਾਂ ਦੀ ਰੱਖਿਆ ਕਰਨ ਲਈ ਡੀਮਿੰਗ ਆਰਡਰ ਲਈ ਅਰਜ਼ੀ ਦੇਣਾ ਚਾਹ ਸਕਦੇ ਹੋ।

ਤੁਹਾਡੇ ਲਈ ਇਸ ਬਾਰੇ ਸਚੇਤ ਰਹਿਣਾ ਮਹੱਤਵਪੂਰਣ ਹੈ ਕਿ ਜੇ ਇਹਨਾਂ ਵਿਅਕਤੀਆਂ ਨੂੰ ਤੁਹਾਡੇ ਲਈ ਕੰਮ ਕਰਨ ਦੌਰਾਨ ਸੱਟ ਲੱਗ ਜਾਂਦੀ ਹੈ, ਤਾਂ ਤੁਹਾਡਾ ਤੱਦ ਤੱਕ ਮੁਕੱਦਮੇ ਤੋਂ ਬਚਾਅ ਨਹੀਂ ਹੁੰਦਾ ਜਦੋਂ ਤੱਕ ਤੁਸੀਂ ਕਵਰੇਜ ਲਾਗੂ ਨਹੀਂ ਕੀਤਾ ਹੈ।

ਇੱਕ ਡੀਮਿੰਗ ਆਰਡਰ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰ ਸਕਦਾ ਹੈ ਕਿ ਉਹ ਸਾਰੇ ਜੋ ਤੁਹਾਡੇ ਲਈ ਦੇਖਭਾਲ ਕੰਮ ਕਰਦੇ ਹਨ, ਕਰਮਚਾਰੀ ਮੁਆਵਜਾ ਬੀਮਾ ਵਿੱਚ ਸ਼ਾਮਿਲ ਕੀਤੇ ਗਏ ਹਨ। ਕਿਸੇ ਨਿੱਜੀ ਅਟੈਂਡੇਂਟ ਨੂੰ ਸ਼ਾਮਿਲ ਕਰਨ ਲਈ WCB ਦੁਆਰਾ WCB-ਅਲਬਰਟਾ ਪ੍ਰੀਮੀਅਮ ਵੀ ਸ਼ਾਮਿਲ ਕੀਤੇ ਜਾਂਦੇ ਹਨ - ਤੁਹਾਡੇ ਲਈ ਕੋਈ ਵਾਧੂ ਲਾਗਤ ਨਹੀਂ ਹੁੰਦੀ। ਕਿਰਪਾ ਕਰਕੇ ਇਸ ਵਿਕਲਪ ਉੱਤੇ ਵਧੇਰੀ ਜਾਣਕਾਰੀ ਲਈ ਆਪਣੇ ਕੇਸ ਪ੍ਰਬੰਧਕ ਨਾਲ ਗੱਲ ਕਰੋ।

## ਸਵੈ-ਪ੍ਰਬੰਧਿਤ ਨਿੱਜੀ ਦੇਖਭਾਲ ਭੱਤੇ ਵਿੱਚ ਸ਼ਾਮਿਲ ਕੀਤੇ ਲਾਭ

ਜਦੋਂ ਤੁਹਾਡੀ PCA ਲਾਭ ਰਕਮ ਨਿਰਧਾਰਿਤ ਕੀਤੀ ਜਾਂਦੀ ਹੈ, ਇਹ ਕੁਝ ਖਰਚੇ ਹਨ ਜੋ ਤੁਹਾਨੂੰ, ਦੇਖਭਾਲ ਪ੍ਰਦਾਤਾ ਦੇ ਨਿਯੋਜਕ ਦੇ ਤੌਰ ਤੇ, ਤੁਹਾਡੇ ਮਾਸਿਕ, ਸਵੈ-ਪ੍ਰਬੰਧਿਤ PCA ਵਿੱਚ ਗਿਣਨ ਦੀ ਲੋੜ ਹੁੰਦੀ ਹੈ:

- ਤੁਹਾਡੇ ਅਟੈਂਡੈਂਟ ਅਤੇ/ਜਾਂ ਨਰਸ ਦੀ ਕੁੱਲ ਤਨਖਾਹ ਸ਼ਾਮਿਲ ਕਰਨ ਲਈ ਇੱਕ ਰਕਮ
- ਤੁਹਾਡੇ ਅਟੈਂਡੈਂਟ ਲਈ ਕਾਨੂੰਨੀ ਛੁੱਟੀਆਂ ਅਤੇ ਛੁੱਟੀਆਂ ਦੀ ਤਨਖਾਹ ਸ਼ਾਮਿਲ ਕਰਨ ਲਈ ਇੱਕ ਰਕਮ
- ਅਟੈਂਡੈਂਟ ਦੀ ਕੈਨੇਡਾ ਪੈਂਸ਼ਨ ਯੋਜਨਾ ਅਤੇ ਨੌਕਰੀ ਬੀਮਾ ਪ੍ਰੀਮੀਅਮਾਂ ਦੇ ਤੁਹਾਡੇ ਹਿੱਸੇ ਨੂੰ ਦਰਸਾਉਂਦੇ ਹੋਏ, ਰੇਵੇਨੀਊ ਕੈਨੇਡਾ ਲਈ ਭੁਗਤਾਨ ਯੋਗ, ਤੁਹਾਡੇ ਅਟੈਂਡੈਂਟ ਦੀ ਤਨਖਾਹ ਤੇ ਆਧਾਰਿਤ, ਇੱਕ ਰਕਮ
- ਤੁਹਾਡੇ ਬੁੱਕਕੀਪਿੰਗ ਜਾਂ ਸੰਚਾਲਨ ਖਰਚੇ ਸ਼ਾਮਿਲ ਕਰਨ ਲਈ ਇੱਕ ਰਕਮ, ਬੈਂਕ ਸੇਵਾ ਫੀਸਾਂ ਸਮੇਤ।

## ਸਵੈ-ਪ੍ਰਬੰਧਿਤ ਨਿੱਜੀ ਦੇਖਭਾਲ ਭੱਤੇ ਦਾ ਭੁਗਤਾਨ

PCA ਦਾ ਭੁਗਤਾਨ ਤੁਹਾਨੂੰ ਹਰ ਮਹੀਨੇ ਦੀ ਸ਼ੁਰੂਆਤ ਦੇ ਆਸਪਾਸ ਕੀਤਾ ਜਾਂਦਾ ਹੈ। PCA ਦਾ ਭੁਗਤਾਨ ਮੁਆਵਜੇ-ਯੋਗ ਸੱਟਾਂ ਦੇ ਨਤੀਜੇ ਵਜੋਂ ਜਿੰਨੀ ਦੇਰ ਤੱਕ ਲੋੜ ਹੋਏ, ਕੀਤਾ ਜਾਂਦਾ ਹੈ।

ਟੈਕਸ ਉਦੇਸ਼ਾਂ ਲਈ, PCA ਦੀ ਸੂਚਨਾ ਆਮਦਨੀ ਵਜੋਂ ਦਿੱਤੀ ਜਾਣੀ ਚਾਹੀਦੀ ਹੈ, ਜਦੋਂ ਤੁਸੀਂ ਆਪਣੀ ਨਿੱਜੀ ਸਾਲਾਨਾ ਇਨਕਮ ਟੈਕਸ ਰੀਟਰਨ ਫਾਈਲ ਕਰਦੇ ਹੋ। ਜੇ ਤੁਹਾਡੇ ਕੋਲ ਆਪਣੇ ਕੈਨੇਡਾ ਰੇਵੇਨੀਊ ਏਜੰਸੀ (Canada Revenue Agency) (CRA) ਦੀਆਂ ਜ਼ਿੰਮੇਵਾਰੀਆਂ ਬਾਰੇ ਕੋਈ ਸਵਾਲ ਹਨ, ਤਾਂ ਕੈਨੇਡਾ ਰੇਵੇਨੀਊ ਏਜੰਸੀ ਨਾਲ ਸੰਪਰਕ ਕਰੋ, ਜਾਂ ਇੱਕ ਲੇਖਾਕਾਰ ਜਾਂ ਰਿਹਾਇਸ਼ੀ ਮਦਦ ਸਥਾਪਨਾ ਸੇਵਾਵਾਂ (Residential Aid Placement Services) ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

## ਨਿੱਜੀ ਦੇਖਭਾਲ ਭੱਤੇ ਦੀ ਸਮੀਖਿਆ

ਤੁਹਾਡਾ ਕੇਸ ਪ੍ਰਬੰਧਕ ਇਹ ਯਕੀਨੀ ਬਣਾਉਣ ਲਈ ਇੱਕ ਜਾਰੀ ਆਧਾਰ ਤੇ ਤੁਹਾਡੀ ਫਾਈਲ ਤੇ ਜਾਣਕਾਰੀ ਦੀ ਸਮੀਖਿਆ ਕਰੇਗਾ ਕਿ ਤੁਸੀਂ ਅਜਿਹੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ ਜੋ ਲਗਾਤਾਰ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ। ਤੁਹਾਡੀ ਮੈਡੀਕਲ ਸਥਿਤੀ ਵਿੱਚ ਬਦਲਾਵ, ਘਰ ਦੀਆਂ ਸੁਧਾਰ-ਮੁਰੰਮਤਾਂ ਨੂੰ ਪੂਰਾ ਕਰਨਾ ਜਾਂ ਕਿਸੇ ਹੋਰ ਘਰ ਵਿੱਚ ਸ਼ਿਫਟ ਹੋਣਾ, ਤੁਹਾਡੀ ਲੋੜੀਂਦੀ ਦੇਖਭਾਲ ਦੇ ਦੁਬਾਰਾ ਆਕਲਨ ਕਰਨ ਦੀ ਲੋੜ ਨੂੰ ਦਿਖਾ ਸਕਦਾ ਹੈ। ਜੇ ਤੁਹਾਡੀ ਮੈਡੀਕਲ ਸਥਿਤੀ ਜਾਂ ਹਾਲਾਤਾਂ ਵਿੱਚ ਕੋਈ ਬਦਲਾਵ ਹੁੰਦੇ ਹਨ, ਤਾਂ ਕਿਰਪਾ ਕਰਕੇ ਆਪਣੇ ਕੇਸ ਪ੍ਰਬੰਧਕ ਨੂੰ ਦੱਸੋ।